16 ਅਕਤੂਬਰ, 2023

ਪਿਆਰੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ,

ਪਿਛਲੇ ਕੁੱਝ ਮਹੀਨਿਆਂ ਦੌਰਾਨ ਲਿੰਗਕ ਰੁਚੀ ਅਤੇ ਲਿੰਗਕ ਪਛਾਣ (SOGI) ਦੀ ਸ਼ਮੂਲੀਅਤ ਵਾਲੀ ਵਿਦਿਆ ਬਾਰੇ ਵਿਚਾਰ ਚਰਚਾ ਹੋਈ ਹੈ ਅਤੇ ਸਰੋਕਾਰ ਸਾਹਮਣੇ ਆਏ ਹਨ। ਇਸ ਮੌਕੇ `ਤੇ ਮੈਂ ਪਰਿਵਾਰਾਂ ਤੱਕ ਪਹੁੰਚ ਕਰਨਾ ਚਾਹੁੰਦਾ ਹਾਂ, ਉਹਨਾਂ ਦੇ ਸਰੋਕਾਰਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ ਅਤੇ ਇਸ ਵਿਸ਼ੇ ਬਾਰੇ ਸਪਸ਼ਟਤਾ ਪ੍ਰਦਾਨ ਕਰਨਾ ਚਾਹੁੰਦਾ ਹਾਂ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਸੋਜੀ (SOGI) ਦੀ ਸ਼ਮੂਲੀਅਤ ਵਾਲੀ ਵਿਦਿਆ ਕੋਈ ਵੱਖਰਾ ਪਾਠਕ੍ਰਮ **ਨਹੀਂ** ਹੈ; ਸਗੋਂ ਇਹ ਇਕ ਵੱਡੀ ਪਹੁੰਚ ਦਾ ਹਿੱਸਾ ਹੈ ਜਿਸ ਵਿੱਚ ਪਛਾਣ ਅਤੇ ਸ਼ਮੂਲੀਅਤ ਦੇ ਵੱਖ ਵੱਖ ਪੱਖ ਸ਼ਾਮਲ ਹਨ। ਇਸ ਦਾ ਮੁੱਖ ਮਕਸਦ 2 ਐੱਸ ਐੱਲ ਜੀ ਬੀ ਟੀ ਕਿਊ+ ਵਜੋਂ ਪਛਾਣ ਕਰਨ ਵਾਲੇ ਵਿਦਿਆਰਥੀਆਂ ਅਤੇ ਕਮਿਊਨਿਟੀ ਦੇ ਮੈਂਬਰਾਂ ਵਿਰੁੱਧ ਵਾਪਰਨ ਵਾਲੀਆਂ ਹਿੰਸਾ ਦੀਆਂ ਘਟਨਾਵਾਂ ਨੂੰ ਘੱਟ ਕਰਦਿਆਂ ਸਹਿਣਸ਼ੀਲਤਾ, ਆਦਰ, ਅਤੇ ਸਮਝ ਨੂੰ ਉਤਸ਼ਾਹਿਤ ਕਰਨਾ ਹੈ।

ਸੋਜੀ (SOGI) ਦੀ ਸ਼ਮਲੀਅਤ ਵਾਲੀ ਵਿਦਿਆ ਡਿਸਟ੍ਰਿਕਟ ਭਰ ਵਿੱਚ ਨਸਲੀ ਅਤੇ ਮੂਲਵਾਸੀ ਨਿਰਪੱਖਤਾ, ਅਤੇ ਸਾਡੇ ਪੂਰੇ ਡਿਸਟ੍ਰਿਕਟ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਯੋਗਤਾਵਾਂ ਅਤੇ ਲੋੜਾਂ ਦੀ ਸ਼ਮੂਲੀਅਤ ਵਾਲੇ ਨਿਆਂਕਾਰੀ ਉੱਦਮਾਂ ਦੀ ਹਿਮਾਇਤ ਕਰਦਿਆਂ ਸ਼ਮੂਲੀਅਤ ਵਾਲੇ ਮਾਹੌਲ ਨੂੰ ਉਤਸ਼ਾਹਿਤ ਕਰਨ ਦੇ ਸਾਡੇ ਯਤਨਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਇਸ ਦਾ ਮਕਸਦ ਸਹਿਣਸ਼ੀਲਤਾ, ਆਦਰ ਅਤੇ ਸਾਰੇ ਲੋਕਾਂ ਦੀ ਪ੍ਰਵਾਨਗੀ ਵਾਲੀਆਂ ਜ਼ਰੂਰੀ ਕਦਰਾ-ਕੀਮਤਾਂ ਸਿਖਾਉਣ ਦੇ ਮਾਪਿਆਂ ਦੇ ਯਤਨਾਂ ਦਾ ਸਮਰਥਨ ਕਰਨਾ ਹੈ।

ਇਹ ਸਮਝਣਾ ਵੀ ਮਹੱਤਵਪੂਰਨ ਹੈ ਕਿ ਸੋਜੀ (SOGI) ਦੀ ਸ਼ਮੂਲੀਅਤ ਵਾਲੀ ਵਿਦਿਆ ਕਾਮੁਕਤਾ (ਸੈਕਸੂਐਲਟੀ) `ਤੇ ਕੇਂਦਰਿਤ **ਨਹੀਂ** ਹੈ, ਨਾ ਹੀ ਇਸ ਦਾ ਮਕਸਦ ਵਿਦਿਆਰਥੀਆਂ ਦੀ ਲਿੰਗਕ ਰੁਚੀ ਜਾਂ ਲਿੰਗਕ ਪਛਾਣ ਨੂੰ ਪ੍ਰਭਾਵਿਤ ਕਰਨਾ ਹੈ। ਸਾਡੇ ਟੀਚਰ, ਪ੍ਰਬੰਧਕ, ਸੁਪੋਰਟ ਸਟਾਫ ਅਤੇ ਡਿਸਟ੍ਰਿਕਟ ਦਾ ਸਟਾਫ ਸਾਡੇ ਵਿਦਿਆਰਥੀਆਂ ਦੀਆਂ ਵਿਲੱਖਣ ਪਛਾਣਾਂ ਦਾ ਸਤਿਕਾਰ ਅਤੇ ਕਦਰ ਕਰਦੇ ਹਨ, ਅਤੇ ਅਸੀਂ ਸ਼ਮੂਲੀਅਤ ਵਾਲੇ ਕਲਾਸਰੂਮ ਅਤੇ ਸਕੂਲਾਂ ਦੇ ਮਾਹੌਲ ਪੈਦਾ ਕਰਨ ਲਈ ਸਖਤ ਕੰਮ ਕਰਦੇ ਹਾਂ।

ਅਤੇ ਮੈਂ ਇਸ ਗੱਲ `ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਸੋਜੀ (SOGI) ਵਿਲੱਖਣ ਹੈ ਲਿੰਗਕ ਸਿਹਤ ਵਾਲੀ ਵਿਦਿਆ (ਸੈਕਸੂਅਲ ਹੈਲਥ ਐਜੂਕੇਸ਼ਨ ) ਤੋਂ **ਵੱਖਰਾ** ਵਿਸ਼ਾ ਹੈ। ਸੋਜੀ (SOGI) ਦੀ ਸ਼ਮੂਲੀਅਤ ਵਾਲੀ ਵਿਦਿਆ ਪਛਾਣ, ਆਦਰ ਅਤੇ ਜੁੜੇ ਹੋਣ ਦੀ ਭਾਵਨਾ ਬਾਰੇ ਗੱਲ ਕਰਦਿਆਂ ਸਮਝ, ਸ਼ਮੂਲੀਅਤ ਅਤੇ ਸਮਰਥਨ ਨੂੰ ਉਤਸ਼ਾਹਿਤ ਕਰਦੀ ਹੈ। ਬੀ ਸੀ ਦੇ ਸਰੀਰਕ ਅਤੇ ਸਿਹਤ ਨਾਲ ਸੰਬੰਧਿਤ ਵਿਦਿਆ ਦੇ ਪਾਠਕ੍ਰਮ ਦਾ ਹਿੱਸਾ ਲਿੰਗਕ ਸਿਹਤ (ਸੈਕਸੂਅਲ ਹੈਲਥ) ਜੀਵ ਵਿਗਿਆਨ, ਸਰੀਰ-ਕ੍ਰਿਆ ਵਿਗਿਆਨ ਅਤੇ ਸੰਤਾਨ ਉਤਪਤੀ `ਤੇ ਕੇਂਦਰਿਤ ਹੈ ਅਤੇ ਖਾਸ ਸੂਬਾਈ ਸੇਧਾਂ ਦਾ ਪਾਲਣ ਕਰਦੀ ਹੈ। ਮਾਪਿਆਂ ਜਾਂ ਗਾਰਡੀਅਨਾਂ ਕੋਲ, ਆਪਣੇ ਸਕੂਲ ਨਾਲ ਸਲਾਹ ਕਰਕੇ, ਗ੍ਰੇਡ 10 ਦੇ ਵਿਦਿਆਰਥੀਆਂ ਲਈ ਸਰੀਰਕ ਅਤੇ ਸਿਹਤ ਨਾਲ ਸੰਬੰਧਿਤ ਵਿਦਿਆ ਦੇ ਪਾਠਕ੍ਰਮ ਵਿਚਲੇ ਕੁੱਝ ਵਿਸ਼ਿਆਂ ਨੂੰ ਪੜ੍ਹਾਉਣ ਲਈ ਵੱਖਰੇ ਢੰਗਾਂ ਦਾ ਪ੍ਰਬੰਧ ਕਰਨ ਦੀ ਚੋਣ ਹੈ।

ਆਪਣੇ ਸਕੂਲ ਭਾਈਚਾਰਿਆਂ ਨੂੰ ਪੂਰੀ ਜਾਣਕਾਰੀ ਦੇਣ ਅਤੇ ਆਮ ਗਲਤਫਹਿਮੀਆਂ ਬਾਰੇ ਗੱਲ ਕਰਨ ਲਈ ਅਸੀਂ ਆਪਣੇ ਕਲਾਸ ਰੂਮਾਂ ਵਿੱਚ ਦਿੱਤੀ ਜਾਣ ਵਾਲੀ ਸੋਜੀ (SOGI) ਦੀ ਸ਼ਮੂਲੀਅਤ ਵਾਲੀ ਵਿਦਿਆ ਦੇ ਮਕਸਦ ਅਤੇ ਅਸਰ ਬਾਰੇ ਸਹੀ ਜਾਣਕਾਰੀ ਦੇਣ ਵਾਲੇ ਵਸੀਲੇ ਤਿਆਰ ਕੀਤੇ ਹਨ।

ਇਹਨਾਂ ਵਸੀਲਿਆਂ ਵਿੱਚ ਸ਼ਾਮਲ ਹਨ:

- ਸੋਜੀ (SOGI) ਦੀ ਸ਼ਮੂਲੀਅਤ ਵਾਲੀ ਵਿਦਿਆ ਬਾਰੇ ਮਿੱਥਾਂ ਅਤੇ ਸੱਚ *(ਅਰਬੀ, ਚੀਨੀ, ਪੰਜਾਬੀ ਅਤੇ ਸਪੇਨੀ ਵਿੱਚ)*
- ਸੋਜੀ (SOGI) ਦੀ ਸ਼ਮੂਲੀਅਤ ਵਾਲੇ ਵਸੀਲਿਆਂ ਨੂੰ ਸਮਝਣਾ: ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ ਗਾਈਡ *(ਅਰਬੀ, ਚੀਨੀ, ਪੰਜਾਬੀ ਅਤੇ ਸਪੇਨੀ ਵਿੱਚ)*
- ਸੈਕੰਡਰੀ ਸਕੂਲਾਂ ਦੇ ਕਲਾਸਰੂਮਾਂ ਵਿੱਚ ਸਾਰਿਆਂ ਨੂੰ ਸ਼ਾਮਲ ਕਰਨ ਵਾਲੀ ਸੋਜੀ (SOGI) ਦੀ ਵਿਦਿਆ ਕਿਸ ਤਰ੍ਹਾਂ ਦੀ ਹੈ? *(ਅਰਬੀ, ਚੀਨੀ, ਪੰਜਾਬੀ ਅਤੇ ਸਪੇਨੀ ਵਿੱਚ)*
- ਐਲੀਮੈਂਟਰੀ ਸਕੂਲਾਂ ਦੇ ਕਲਾਸਰੂਮਾਂ ਵਿੱਚ ਸਾਰਿਆਂ ਨੂੰ ਸ਼ਾਮਲ ਕਰਨ ਵਾਲੀ ਸੋਜੀ (SOGI) ਦੀ ਵਿਦਿਆ ਕਿਸ ਤਰ੍ਹਾਂ ਦੀ ਹੈ? *(ਅਰਬੀ, ਚੀਨੀ, ਪੰਜਾਬੀ ਅਤੇ ਸਪੇਨੀ ਵਿੱਚ)*

ਮੈਂ ਤੁਹਾਨੂੰ ਇਹਨਾਂ ਵਸੀਲਿਆਂ `ਤੇ ਗੌਰ ਕਰਨ ਲਈ ਅਤੇ ਆਪਣੇ ਕਿਸੇ ਵੀ ਸਵਾਲ ਜਾਂ ਸਰੋਕਾਰ ਬਾਰੇ ਆਪਣੇ ਟੀਚਰ, ਪ੍ਰਿੰਸੀਪਲ ਜਾਂ ਡਿਸਟ੍ਰਿਕਟ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰਦਾ ਹਾਂ।

ਸਾਡੇ ਵਿਦਿਆਰਥੀਆਂ ਲਈ ਸੁਰੱਖਿਅਤ, ਸਵਾਗਤ ਭਰਪੂਰ, ਅਤੇ ਸਤਿਕਾਰ ਵਾਲਾ ਸਿੱਖਣ ਦਾ ਮਾਹੌਲ ਪੈਦਾ ਕਰਨ ਲਈ ਤੁਹਾਡੇ ਵਲੋਂ ਲਗਾਤਾਰ ਮਿਲ ਰਹੇ ਸਮਰਥਨ ਅਤੇ ਭਾਈਵਾਲੀ ਲਈ ਅਸੀਂ ਤੁਹਾਡਾ ਸੱਚੇ ਦਿਲੋਂ ਧੰਨਵਾਦ ਕਰਦੇ ਹਾਂ।

**Surrey School District** 14033 92 Avenue, Surrey, BC V3V 0B7
Tel: 604-596-7333 | www.SurreySchools.ca
@Surrey_Schools
SurreySchools
surrey_schools

*We respectfully acknowledge that Surrey Schools resides on the traditional, unceded, and shared territories of Coast Salish peoples: The q̓icə̓y̓—Katzie, the q̓ʷa:n̓ƛ̓ən̓—Kwantlen and the SEMYOME — Semiahmoo First Nations: the stewards of this land since time immemorial.*

ਸੱਚੇ ਦਿਲੋਂ,

ਮਾਰਕ ਪੀਅਰਮੇਨ

ਸੁਪਰਡੈਂਟ/ ਸੀ ਈ ਓ

ਸਰੀ ਸਕੂਲ ਡਿਸਟ੍ਰਿਕਟ

**Surrey School District** 14033 92 Avenue, Surrey, BC V3V 0B7
Tel: 604-596-7333 | www.SurreySchools.ca

Surrey Schools
LEADERSHIP IN LEARNING